# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ।

(ਫੁੱਟਕਲ ਸ਼ਾਖਾ)

## ਹੁਕਮ

**ਦਫਤਰੀ ਹੁਕਮ ਨੰ: 838 /ਫੁੱਟਕਲ** **ਮਿਤੀ 28-04-2020**

ਜ਼ਿਲਾ ਫ਼ਤਹਿਗੜ ਸਾਹਿਬ ਵਿੱਚ ਲਗਾਏ ਗਏ ਕਰਫਿਊ ਦੌਰਾਨ ਇਸ ਦਫਤਰ ਦੇ ਹੁਕਮ ਨੰ: 814, ਮਿਤੀ 25/3/2020 ਜੋ ਪਿੱਠ ਅੰਕਣ ਨੰ:5836-5875/MA ਮਿਤੀ 25/03/2020 ਅਤੇ ਦਫ਼ਤਰੀ ਹੁਕਮ ਨੰ.834/ਫੁੱਟਕਲ, ਮਿਤੀ 13.4.2020 ਜੋ ਕਿ ਪਿੱਠਅੰਕਣ ਨੰ.8432-72, ਮਿਤੀ 13.4.2020 ਨੂੰ ਜਾਰੀ ਹੋਏ ਸਨ, ਜਿੰਨਾਂ ਰਾਂਹੀ ਜ਼ਿਲੇ ਅੰਦਰ ਅਤੇ ਹਾਈਵੇ ਤੇ ਸਥਿਤ ਪੈਟਰੋਲ ਪੰਪਾਂ ਨੂੰ ਖੋਲਣ ਸਬੰਧੀ ਸਮਾਂ ਨਿਯਤ ਕੀਤਾ ਗਿਆ ਸੀ,ਜਿਸ ਵਿੱਚ ਸੋਧ ਕਰਦੇ ਹੋਏ ਨਿਮਨ ਦਰਜ਼ ਅਨੁਸਾਰ ਹੁਕਮ ਜ਼ਾਰੀ ਕੀਤਾ ਜਾਂਦਾ ਹੈ :

ਮੈਂ ਅੰਮ੍ਰਿਤ ਕੌਰ ਗਿੱਲ, ਆਈ.ਏ.ਐਸ., ਜਿਲਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ ਜਿਲ੍ਹੇ ਦੀ ਹਦੂਦ ਅੰਦਰ-ਪੈਂਦੇ ਨੈਸ਼ਨਲ ਹਾਈਵੇ ਅਤੇ ਸਟੇਟ ਹਾਈਵੇ ਤੇ ਸਥਿਤ ਪੈਟਰੋਲ ਅਤੇ ਡੀਜਲ ਪੰਪ 24 ਘੰਟੇ ਖੁੱਲੇ ਰੱਖਣ ਅਤੇ ਜਿਲ੍ਹੇ ਅੰਦਰ ਬਾਕੀ ਪੈਟਰੋਲ ਪੰਪ ਸਵੇਰੇ 07.00 ਵਜੇ ਤੋਂ ਸ਼ਾਮ 05.00 ਵਜੇ ਤੱਕ ਖੁਲੇ ਰੱਖਣ ਦਾ ਹੁਕਮ ਜਾਰੀ ਕਰਦੀ ਹਾਂ।ਇਸ ਤੋਂ ਇਲਾਵਾ ਇਹ ਪੈਟਰੋਲ ਪੰਪ **ਕੋਵਿਡ-19** ਸਬੰਧੀ ਸਰਕਾਰ ਵੱਲੋ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਗੇ।

ਇਹ ਹੁਕਮ ਤੁਰੰਤ ਲਾਗੂ ਹੋਵੇਗਾ। ਇਸ ਹੁਕਮ ਦਾ ਜ਼ਿਲ੍ਹਾ ਲੋਕ ਸੰਪਰਕ ਅਫਸਰ,ਫਤਿਹਗੜ੍ਹ ਸਾਹਿਬ ਵੱਲੋਂ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ। ਇਸ੍ਹ ਹੁਕਮ ਦੀਆਂ ਨਕਲਾਂ ਇਸ ਜਿਲ੍ਹੇ ਦੇ ਸਦਰ ਦਫ਼ਤਰਾਂ, ਉਪ ਮੰਡਲ ਮੈਜਿਸਟਰੇਟਸ ਦਫ਼ਤਰਾਂ,ਥਾਣਿਆਂ, ਨਗਰ ਕੌਂਸਲਾਂ/ਪੰਚਾਇਤਾਂ/ਹਸਪਤਾਲ/ਰੇਲਵੇ ਸਟੇਸ਼ਨ/ਬੱਸ ਸਟੈਂਡ/ ਤਹਿਸੀਲ ਦਫ਼ਤਰਾਂ/ਗਰਾਮ ਪੰਚਾਇਤਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਮਿਤੀ:28-4-2020 ਨੂੰ ਜਾਰੀ ਹੋਇਆ।

ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।

**ਪਿੱਠ ਅੰਕਣ ਨੰ. 9176-9206 /ਫੁੱਟਕਲ-2 ਮਿਤੀ:28-04-2020**

ਇਸਦਾ ਇਕ ਉਤਾਰਾ:

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ।
3. ਡਾਇਰੈਕਟਰ ਜਰਨਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
4. ਇੰਸਪੈਕਟਰ ਜਰਨਲ ਆਫ ਪੁਲਿਸ(ਸੀ.ਆਈ.ਡੀ.)ਪੰਜਾਬ, ਚੰਡੀਗੜ੍ਹ।
5. ਇੰਸਪੈਕਟਰ ਜਰਨਲ ਆਫ ਪੁਲਿਸ,ਰੂਪਨਗਰ ਰੇਂਜ, ਰੂਪਨਗਰ।
6. ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
7. ਜਿਲ੍ਹਾ ਅਤੇ ਸੈਸ਼ਨ ਜੱਜ,ਫਤਿਹਗੜ੍ਹ ਸਾਹਿਬ।
8. ਸਮੂਹ ਜਿਲ੍ਹਾ ਮੈਜਿਸਟਰੇਟ, ਪੰਜਾਬ ਰਾਜ......................................................................।
9. ਸੀਨੀਅਰ ਕਪਤਾਨ ਪੁਲਿਸ, ਫਤਿਹਗੜ੍ਹ ਸਾਹਿਬ।
10. ਉਪ ਮੰਡਲ ਮੈਜਿਸਟਰੇਟ,ਫਗਸ/ਅਮਲੋਹ/ਬਸੀ ਪਠਾਣਾ/ਖਮਾਣੋ ।
11. ਜਿਲ੍ਹਾ ਅਟਾਰਨੀ,ਫਤਹਿਗੜ੍ਹ ਸਾਹਿਬ।
12. ਜਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈ ਖਪਤਕਾਰ ਮਾਮਲੇ, ਫ਼ਤਹਿਗੜ੍ਹ ਸਾਹਿਬ।
13. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,ਫਤਿਹਗੜ੍ਹ ਸਾਹਿਬ।
14. ਜਿਲ੍ਹਾ ਲੋਕ ਸੰਪਰਕ ਅਫਸਰ,ਫਤਹਿਗੜ੍ਹ ਸਾਹਿਬ।
15. ਕਾਰਜ ਸਾਧਕ ਅਫਸਰ,ਨਗਰ ਕੌਂਸਲ/ਨਗਰ ਪੰਚਾਇਤ,ਸਰਹਿੰਦ-ਫਗਸ/ਅਮਲੋਹ/ਮੰਡੀ ਗੋਬਿੰਦਗੜ੍ਹ/ ਬਸੀ ਪਠਾਣਾ/ ਖਮਾਣੋ।

   ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।
16. ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ./ਸਟੈਨੋ ਟੂ ਸ.ਕ.(ਜ),ਸ਼ਟੈਨੋ ਟੂ ਈ.ਐਮ,ਫਤਹਿਗੜ੍ਹ ਸਾਹਿਬ ਨੂੰ ਸੂਚਨਾ ਹਿਤ।

ਸਹਾਇਕ ਕਮਿਸ਼ਨਰ(ਜ),
ਵਾ: ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।